ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਗ਼ਦਰੀ ਬਾਬਿਆਂ ਦੇ ਮੇਲੇ ਦਾ ਸੁਨੇਹਾ

ਪਹਿਲੀ ਨਵੰਬਰ ਜਲੰਧਰ ਵਿਖੇ ਹੋਇਆ ਗ਼ਦਰੀ ਬਾਬਿਆਂ ਦਾ ਮੇਲਾ ਇਕ ਅਦੁੱਤੀ ਮੇਲਾ ਸੀ। ਮੇਲੇ ਦੀ ਹਾਜ਼ਰੀ, ਮੇਲੇ ਤੇ ਕਹੀਆਂ ਗੱਲਾਂ, ਮੇਲੇ ਤੇ ਹੋਇਆ ਸਭਿਆਚਾਰਕ ਪ੍ਰੋਗਰਾਮ ਸਪੱਸ਼ਟ ਸ਼ਬਦਾਂ ਵਿਚ ਇਕ ਸ਼ਕਤੀਸ਼ਾਲੀ ਆਵਾਜ਼ ਉੱਚੀ ਕਰਦਾ ਸੀ ਜੋ ਅਸਲ ਵਿਚ ਸਮਾਜਕ ਇਨਸਾਫ਼ ਵਾਲੇ ਸਮਾਜ ਬਨਾਉਣ ਵਾਲੀ ਖੱਬੀ ਲਹਿਰ ਦੀ ਆਵਾਜ਼ ਸੀ। ਸਵੇਰੇ 10 ਵਜੇ ਤੋਂ ਲੈ ਕੇ ਅਗਲੀ ਸਵੇਰ 4.30 ਵਜੇ ਤੱਕ 20 ਘੰਟੇ ਲਗਾਤਾਰ ਚਲਿਆ ਇਹ ਪ੍ਰੋਗਰਾਮ ਜਿਥੇ ਗ਼ਦਰ ਲਹਿਰ ਦਾ ਜਮਹੂਰੀ ਅਤੇ ਸੈਕੂਲਰ ਕਦਰਾਂ-ਕੀਮਤਾਂ ਦਾ ਸੁਨੇਹਾ ਸੀ ਉਥੇ ਇਹ ਵੀ ਸਾਫ਼ ਸੀ ਕਿ ਖੱਬੀ ਲਹਿਰ ਦੀਆਂ ਸਾਰੀਆਂ ਪਾਰਟੀਆਂ ਅਤੇ ਗਰੁੱਪ ਜੇਕਰ ਇਕ ਘੱਟ ਤੋਂ ਘੱਟ ਪ੍ਰੋਗਰਾਮ ਤੇ ਸਹਿਮਤ ਹੋ ਕੇ ਆਪਣੀਆਂ ਸਰਗਰਮੀਆਂ ਨੂੰ ਦਿਸ਼ਾ ਦੇਣ ਤਾਂ ਇਹ ਲਹਿਰ ਪੰਜਾਬ ਦੇ ਸਿਆਸੀ ਅਤੇ ਸਮਾਜਕ ਵਰਤਾਰੇ ਵਿਚ ਇਕ ਫੈਸਲਾਕੁੰਨ ਭੂਮਿਕਾ ਨਿਭਾ ਸਕਦੀਆਂ ਹਨ। ਵੱਖ-ਵੱਖ ਟੋਲੀਆਂ ਬਣਾ ਕੇ ਹਾਜ਼ਰ ਕਾਰਕੁੰਨ ਇਕ ਦੂਜੇ ਦੀ ਪਾਰਟੀ ਉੱਤੇ ਕਿੰਤੂ ਕਰਦੇ ਹੋਏ ਇਸ ਗੱਲ ਬਾਰੇ ਬਹਿਸ ਕਰ ਰਹੇ ਸਨ ਤੇ ਕੁਝ ਨਿਰਣੇ ਵੀ ਲੈ ਰਹੇ ਸਨ।

ਇਹ ਗੱਲ ਸਾਫ਼ ਹੈ ਕਿ 1964 ਵਿਚ ਜਦੋਂ ਕਮਿਊਨਿਸਟ ਪਾਰਟੀ ਇਕ ਤੋਂ ਦੋ ਹੋਈਆਂ ਤਾਂ ਆਪਸੀ ਵਿਰੋਧ ਬੜਾ ਤਿੱਖਾ ਸੀ। 1967-68 ਵਿਚ ਨਕਸਲੀ ਲਹਿਰ ਮਾਰਕਸੀ ਪਾਰਟੀ ਦੇ ਵਿਰੋਧ ਵਿਚ ਸਾਮ੍ਹਣੇ ਆਈ। ਇਸ ਵਿਵਾਦ ਵਿਚ ਸੋਧਵਾਦ, ਨਵ-ਸੋਧਵਾਦ, ਮਾਅਰਕੇਬਾਜ਼ੀ ਆਦਿਕ ਰੁਝਾਨ ਉਤਪੰਨ ਹੋਏ। ਵਿਚਾਰਧਾਰਕ ਵਖਰੇਵਾਂ ਹਾਲੇ ਵੀ ਕਾਇਮ ਹੈ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਇਹਨਾਂ ਸਾਲਾਂ ਵਿਚ ਬਹੁਤ ਸਾਰਾ ਪਾਣੀ ਪੁਲਾਂ ਦੇ ਹੇਠਾਂ ਤੋਂ ਲੰਘ ਗਿਆ ਹੈ।

ਇਸ ਵਿਚਾਰਧਾਰਾ ਨਾਲ ਜੁੜਿਆ ਨੌਜਵਾਨ ਤਬਕਾ ਇਹਨਾਂ ਘਟਨਾਵਾਂ ਤੋਂ ਬਾਅਦ ਪੈਦਾ ਹੋਇਆ ਹੈ ਜਾਂ ਬਚਪਨ ਤੋਂ ਜਵਾਨ ਹੋਇਆ ਹੈ। ਉਹਦੇ ਜਜ਼ਬੇ ਅਤੇ ਵਲਵਲੇ ਉਹ ਨਹੀਂ ਹਨ ਜੋ 30 ਸਾਲ ਪਹਿਲਾਂ ਇਸ ਲਹਿਰ ਨਾਲ ਜੁੜੇ ਹੋਏ ਕਾਰਕੁੰਨਾ ਦੇ ਸਨ। ਇਸੇ ਤਰ੍ਹਾਂ ਸੰਸਾਰ ਕੰਮਿਊਨਿਸਟ ਲਹਿਰ ਵਿਚ ਵੱਡੀਆਂ ਤਬਦੀਲੀਆਂ ਆ ਗਈਆਂ ਹਨ। ਸੋਵੀਅਤ ਬਲਾਕ ਟੁੱਟ ਗਿਆ ਹੈ। ਚੀਨ ਵੀ ਕਾਮਰੇਡ ਮਾਓ ਵਾਲਾ ਚੀਨ ਨਹੀਂ ਰਿਹਾ। ਇਹਨਾਂ ਹਾਲਾਤ ਵਿਚ ਕੀ ਕੋਈ ਨਵੀਂ ਸ਼ੁਰੂਆਤ ਨਹੀਂ ਕੀਤੀ ਜਾ ਸਕਦੀ ? ਇਹ ਇਕ ਵੱਡਾ ਸਵਾਲ ਹੈ, ਜਿਸ ਨੂੰ ਖੱਬੀ ਲਹਿਰ ਸੰਬੋਧਿਤ ਹੋਣੀ ਚਾਹੀਦੀ ਹੈ। ਗ਼ਦਰੀ ਬਾਬਿਆਂ ਦਾ ਮੇਲਾ ਇਸ ਮੰਗ ਨੂੰ ਉਭਾਰਦਾ ਸੀ।

ਝੰਡਾ ਲਹਿਰਾਉਣ ਵੇਲੇ ਜਿਸ ਜੋਸ਼ ਨਾਲ ਝੰਡੇ ਦਾ ਗੀਤ ਗਾਇਆ ਗਿਆ ਉਹ ਸਭ ਹਾਜ਼ਰ ਲੋਕਾਂ ਨੂੰ ਝੰਜੋੜਦਾ ਸੀ। ਇਸ ਵਿਚ ਬਜ਼ੁਰਗ ਵੀ ਸਨ।

ਬੱਚੇ, ਔਰਤਾਂ ਵੀ ਸਨ। ਨੌਜਵਾਨ ਮੁੰਡੇ-ਕੁੜੀਆਂ ਵੀ ਸਨ। ਸਮਾਗਮ ਦੇ ਪਹਿਲੇ ਪੜਾਅ ਵਿਚ ਜਿਥੇ ਕਾਮਰੇਡ ਗੰਧਰਵ ਸੈਨ ਨੇ ਦੇਸ਼ ਭਗਤ ਬੋਰਡ ਦੇ ਕੰਮਾਂ ਦਾ ਵਿਸਥਾਰ ਦੱਸਿਆ ਉਥੇ ਗ਼ਦਰ ਲਹਿਰ ਦੇ ਉਦੇਸ਼ਾਂ ਦੀ ਪਹਿਰੇਦਾਰੀ ਦੀ ਗੱਲ ਦੁਹਰਾਈ। ਬਾਬਾ ਭਗਤ ਸਿੰਘ ਬਿਲਗਾ ਨੇ ਅੱਜ ਦੇ ਸੰਦਰਭ ਵਿਚ ਦੇਸ਼ ਭਗਤ ਦੇ ਫਰਜ਼ਾਂ ਦੀ ਗੱਲ ਕੀਤੀ। ਉਹਨਾਂ ਨੇ ਦੇਸ਼ ਭਗਤੀ ਨਾਲ ਜੁੜੇ ਲੋਕਾਂ ਦੇ ਫਰਜ਼ਾਂ ਦੀ ਗੱਲ ਉਭਾਰੀ ਅਤੇ ਕਿਹਾ ਕਿ ਦੇਸ਼ ਭਗਤ ਮੌਜੂਦਾ ਵਰਤਾਰੇ ਨੂੰ ਤਮਾਸ਼ਬੀਨਾ ਵਾਂਗੂ ਨਹੀਂ ਦੇਖ ਸਕਦੇ। ਇਸ ਮੌਜੂਦਾ ਗਰੀਬ-ਦੁਸ਼ਮਣ ਵਰਤਾਰੇ ਵਿਰੁੱਧ ਉਹਨਾਂ ਦੀ ਦਖ਼ਲਅੰਦਾਜ਼ੀ ਸਮੇਂ ਦੀ ਲੋੜ ਹੈ। ਉਹ ਚੁੱਪ-ਚੁਪੀਤੇ ਇਹ ਨਹੀਂ ਵੇਖਦੇ ਰਹਿ ਸਕਦੇ ਕਿ ਫਿਰਕੂ ਪਾਰਟੀਆਂ ਜਾਂ ਫਿਰਕੂ ਤਾਕਤਾਂ ਆਪਣੀ ਖੇਡ ਖੇਡਦੀਆਂ ਰਹਿਣ, ਗਰੀਬ ਅਤੇ ਮਿਹਨਤਕਸ਼ ਲੋਕਾਂ ਦਾ ਕਚੂਮਰ ਨਿਕਲਦਾ ਰਹੇ। ਇਹ ਵਰਤਾਰਾ ਚਲਦਾ ਨਹੀਂ ਰਹਿਣਾ ਚਾਹੀਦਾ, ਇਹ ਬਦਲਣਾ ਹੈ ਤੇ ਜ਼ਰੂਰ ਬਦਲਣਾ ਹੈ। ਸਭਿਆਚਾਰਕ ਪ੍ਰੋਗਰਾਮ ਵਿਚ ਜੋ ਗੀਤ ਗਾਏ ਗਏ ਜਾਂ ਨਾਟਕ ਪੇਸ਼ ਕੀਤੇ ਗਏ, ਉਹਨਾਂ ਦਾ ਸੁਨੇਹਾ ਵੀ ਸਪੱਸ਼ਟ ਸੀ।

ਆਓ ਸਿਰ ਜੋੜਕੇ ਬੈਠੀਏ। ਇਕ ਦੂਜੇ ਦੀਆਂ ਨੀਤੀਆਂ ਬਾਰੇ ਭਾਵੇਂ ਵਖਰੇਵੇਂ ਜਾਂ ਕਿੰਤੂ ਪ੍ਰੰਤੂ ਹੋਣ, ਪਰ ਏਕਤਾ ਦੀ ਲੋੜ ਬੜੀ ਵੱਡੀ ਹੈ।

ਦੇਸ਼ ਭਗਤ ਬੋਰਡ ਵਿਚ ਏਕਤਾ ਅਸਲੀ ਸ਼ਬਦਾਂ ਵਿਚ ਕਾਇਮ ਹੈ। ਏਕਤਾ ਦਾ ਇਹ ਮਾਡਲ ਇੱਕ ਸਿਆਸੀ ਕੋਆਰਡੀਨੇਸ਼ਨ ਕਮੇਟੀ ਬਣਾਕੇ ਕਾਇਮ ਕੀਤਾ ਜਾ ਸਕਦਾ ਹੈ। ਬਾਬਾ ਬਿਲਗਾ, ਕਾਮਰੇਡ ਗੰਧਰਵ ਸੈਨ ਜਾਂ ਹੋਰ ਸਿਆਣੇ ਲੋਕ ਇਹਦੇ ਬਾਰੇ ਮੋਹਰਲੀ ਭੂਮਿਕਾ ਨਿਭਾ ਸਕਦੇ ਹਨ। ਉਹਨਾਂ ਨੂੰ ਹਿਚਕਚਾਹਟ ਨਹੀਂ ਹੋਣੀ ਚਾਹੀਦੀ। ਇਕ ਕੇਂਦਰੀ ਮਾਡਲ ਉਹਨਾਂ ਦੇ ਕੋਲ ਹੈ। ਗ਼ਦਰ ਲਹਿਰ ਦੀ ਕਾਇਮੀ ਵੇਲੇ ਅੰਗਰੇਜ਼ ਤੋਂ ਆਜ਼ਾਦੀ ਇਕ ਨੁਕਾਤੀ ਪ੍ਰੋਗਰਾਮ ਸੀ। ਅੱਜ ਬਰਾਬਰੀ ਦਾ ਸਮਾਜ ਬਨਾਉਣਾ ਇਕ ਨੁਕਾਤੀ ਲੱਕਸ਼ ਹੈ।

ਆਦਮਪੁਰ ਉਪ-ਚੋਣ ਵਿਚ ਅਕਾਲੀ-ਭਾਜਪਾ ਨੂੰ ਹਰਾਉਣਾ ਜ਼ਰੂਰ ਇਕ ਵੱਡਾ ਕੰਮ ਹੈ। ਕਿਸਦੀ ਮਦਦ ਕੀਤੀ ਜਾਏ ਜਾਂ ਕਿਸਦੀ ਨਾ ਕੀਤੀ ਜਾਏ, ਇਕ ਸਿਆਸੀ ਮਹੱਤਤਾ ਦੀ ਗੱਲ ਹੈ ਪਰ ਇਸ ਤੋਂ ਉੱਤੇ ਖੱਬੀ ਧਿਰ ਦੀ ਏਕਤਾ ਸਭ ਤੋਂ ਵੱਧ ਮਹੱਤਤਾ ਦਾ ਏਜੰਡਾ ਹੈ। ਜਿੰਨੀ ਜਲਦੀ ਇਹ ਦਾ ਅਹਿਸਾਸ ਹੋ ਜਾਏ, ਓਨਾ ਹੀ ਚੰਗਾ ਹੈ।